# ਨਾਨਕ ਦਰਸ ਨਿਹਾਲ

## ਨਟ ਮਹਲਾ ੫ ॥

## ਹਉ ਵਾਰਿ ਵਾਰਿ ਜਾਉ ਗੁਰ ਗੋਪਾਲ॥੧॥ਰਹਾਉ॥

ਇਹ ਸ਼ਬਦ ਸ੍ਰੀ ਗੁਰੂ ਅਰਜਨ ਸਾਹਿਬ ਦਾ, ਨਟ ਰਾਗ ਵਿਚ ਉਚਾਰਣ ਕੀਤਾ ਹੋਇਆ ਹੈ ਅਤੇ ਇਹ, ਪੰਨਾ ੯੮੦ ਤੇ ਅੰਕਤ ਹੈ। ਇਸ ਸ਼ਬਦ ਵਿਚ ਪ੍ਰਭੂ/ਗੁਰੂ ਦੀ ਸਿਫ਼ਤ ਸਲਾਹ, ਅਤੇ ਦਰਸ਼ਨਾਂ ਲਈ ਅਰਜ਼ੋਈ ਕੀਤੀ ਗਈ ਹੈ।

-- ਹੇ ਮੇਰੇ ਗੁਰ-ਪਰਮੇਸ਼ਰ ਮੈਂ ਆਪਣੇ ਆਪ ਨੂੰ, ਤੇਰੇ ਤੋਂ ਕੁਰਬਾਨ ਕਰਦਾ ਹਾਂ, ਕੁਰਬਾਨ ਕਰਦਾ ਹਾਂ, ਤੂੰ ਹੀ ਸ੍ਰਿਸ਼ਟੀ ਦਾ ਪਾਲਣ ਹਾਰਾ ਹੈਂ।੧।ਰਹਾਉ।

'**ਗੋ**' ਦਾ ਅਰਥ, ਸ੍ਰਿਸ਼ਟੀ ਹੈ ਅਤੇ '**ਪਾਲ**' ਸੂਚਕ ਹੈ ਪਾਲਣਹਾਰੇ ਦਾ। '**ਗੋ**' ਗਊ ਨੂੰ ਵੀ ਕਹਿੰਦੇ ਹਨ। ਸ੍ਰੀ ਕ੍ਰਿਸ਼ਨ ਜੀ ਨੂੰ ਵੀ ਗੋਪਾਲ ਕਿਹਾ ਜਾਂਦਾ ਹੈ, ਕਿਉਂਕਿ ਉਹ ਵੀ ਆਪਣੇ ਉਸ ਸਮੇਂ ਦੇ ਗੁਰ-ਪਰਮੇਸ਼ਰ ਹੀ ਹਨ।

ਸ੍ਰੀ ਗੁਰੂ ਰਾਮਦਾਸ ਸਾਹਿਬ ਵੀ, ਪੰਨਾ ੧੭੪ ਤੇ, ਗੁਰੂ ਤੋਂ ਵਾਰੀ ਵਾਰੀ ਜਾਂਦੇ ਹਨ, ਸਦਕੇ ਜਾਂਦੇ ਹਨ - 'ਵਾਰੀ ਮੇਰੇ ਗੋਵਿੰਦਾ ਵਾਰੀ ਮੇਰੇ ਪਿਆਰਿਆ ਹਉ ਤੁਧੁ ਵਿਟੜਿਅਹੁ ਸਦ ਵਾਰੀ ਜੀਉ॥' ਪਾਤਸ਼ਾਹ, ਗੁਰੂ ਤੋਂ ਵਾਰੀ ਵਾਰੀ ਜਾਣ ਨੂੰ ਕਹਿੰਦੇ ਹਨ, ਕਿਉਂਕਿ ਉਹ ਹੀ ਹੈ ਜੋ ਪਿਆਰੇ ਪ੍ਰੀਤਮ, ਪਰਮੇਸ਼ਰ ਨਾਲ ਮਿਲਾਉਂਦਾ ਹੈ - 'ਗੁਰੁ ਪੂਰਾ ਮੇਲਾਵੈ ਮੇਰਾ ਪ੍ਰੀਤਮੁ ਹਉ ਵਾਰਿ ਵਾਰਿ ਆਪਣੇ ਗੁਰੂ ਕਉ ਜਾਸਾ॥', ਪੰਨਾ ੫੬੧. ਸ੍ਰੀ ਗੁਰੂ ਅਰਜਨ ਸਾਹਿਬ ਦੇ ਬਚਨ ਹਨ ਕਿ ਨਾਮ ਜਪਾ ਕੇ, ਪ੍ਰੀਤਮ ਪ੍ਰਭੂ ਨਾਲ ਮਿਲਾ ਲੈਣ ਵਾਲੇ ਸਾਧੂ ਗੁਰੂ ਤੋਂ ਲੱਖਾਂ ਵੇਰ ਕੁਰਬਾਨ ਹੋ ਜਾਈਏ, ਉਨ੍ਹਾਂ ਦੇ ਚਰਣਾਂ ਦੀ ਧੂੜ ਮੰਗੀਏ, ਕਿਉਂਕਿ ਉਹੀ ਦਾਤੇ, ਪੁਰਖ ਬਿਧਾਤੇ ਹਨ, ਸਮਰਥ ਅਤੇ ਸਭ ਸੁਖਾਂ ਦੇ ਦਾਤੇ ਹਨ। ਉਨ੍ਹਾਂ ਨੂੰ ਬੇਨਤੀ ਹੈ ਕਿ ਇਸ ਮਨੁਖਾ ਜਨਮ ਦਾ ਅਵਸਰ ਪੂਰਾ ਕਰ ਦੇਣ, ਭਾਵ, ਪ੍ਰਭੂ ਮਿਲਾ ਦੇਣ - '..ਵਾਰਿ ਵਾਰਿ ਜਾਈ ਲਖ ਵਰੀਆ ਦੇਹੁ ਸੰਤਨ ਕੀ ਧੂਰਾ ਜੀਉ॥ ਤੁਮ ਦਾਤੇ ਤੁਮ ਪੁਰਖ ਬਿਧਾਤੇ॥ ਤੁਮ ਸਮਰਥ ਸਦਾ ਸੁਖ ਦਾਤੇ॥ ਸਭ ਕੋ ਤੁਮ ਹੀ ਤੇ ਵਰਸਾਵੈ ਅਉਸਰ ਕਰਹੁ ਹਮਾਰਾ ਪੂਰਾ ਜੀਉ॥', ਪੰਨਾ ੯੯.

## ਮੋਹਿ ਨਿਰਗੁਨ ਤੁਮ ਪੂਰਨ ਦਾਤੇ ਦੀਨਾ ਨਾਥ ਦਇਆਲ॥੧॥

-- ਮੈਂ ਤਾਂ ਗੁਣਾਂ ਤੋਂ ਹੀਨ, ਅਵਗੁਣਿਆਰਾ ਹਾਂ, ਤੁਸੀਂ ਪੂਰੇ ਦਾਤਾ ਹੋ,

ਸਭ ਨੂੰ ਦਾਤਾਂ ਦੇਣ ਵਾਲੇ ਹੋ। ਤੁਸੀਂ ਦੀਨਾ ਦੇ ਨਾਥ ਹੋ, ਦਇਆਲੂ ਹੋ।੧।

ਉਹ ਗੁਰੂ ਗੋਪਾਲ, ਆਪਣੇ ਸਿਖ ਦਾ ਰਾਖਾ ਹੋ ਜਾਂਦਾ ਹੈ। ਉਹ ਆਪਣੀ ਕਿਰਪਾ ਨਾਲ, ਮਹਾਂ, ਭਿਆਨਕ ਸੰਸਾਰ ਸਮੁੰਦਰ ਤੋਂ ਬਾਹਰ ਕੱਢ ਕੇ ਨਿਹਾਲ ਕਰ ਦਿੰਦਾ ਹੈ - 'ਗੁਰਸਿਖ ਰਾਖੇ ਗੁਰ ਗੋਪਾਲਿ।। ਕਾਢਿ ਲੀਏ ਮਹਾ ਭਵਜਲ ਤੇ ਅਪਨੀ ਨਦਰਿ ਨਿਹਾਲਿ।।', ਪੰਨਾ ੩੯੨. ਗੁਰਬਾਣੀ ਵਿਚ, 'ਮਾਧੋ', 'ਮਾਧਵ' ਆਦਿ ਸ਼ਬਦ, ਗੁਰ-ਪਰਮੇਸ਼ਰ ਅਤੇ ਪਾਰਬ੍ਰਹਮ-ਪਰਮੇਸ਼ਰ, ਦੋਹਾਂ ਲਈ ਵਰਤਿਆ ਗਿਆ ਹੈ। ਪੰਚਮ ਪਾਤਸ਼ਾਹ ਨੇ, ਪੰਨਾ ੬੧੩ ਤੇ, 'ਮਾਧੋ' ਸ਼ਬਦ ਵਰਤ ਕੇ ਉਸਤਤਿ ਕੀਤੀ ਹੈ ਕਿ ਅਸੀਂ ਤਾਂ ਪਾਪੀ ਹਾਂ, ਪਰ ਹੇ ਮਾਧੋ ! ਤੂੰ ਪਾਪਾਂ ਦਾ ਨਾਸ ਕਰਣ ਵਾਲਾ ਹੈਂ, ਅਤੇ ਸੋਹਣਾ ਤੇਰਾ ਦੇਸ ਹੈ, ਅਸਥਾਨ ਹੈ - 'ਮਾਧੋ ਹਮ ਐਸੇ ਤੂ ਐਸਾ।। ਹਮ ਪਾਪੀ ਤੁਮ ਪਾਪ ਖੰਡਨ ਨੀਕੋ ਠਾਕੁਰ ਦੇਸਾ।।'

**ਊਠਤ ਬੈਠਤ ਸੋਵਤ ਜਾਗਤ ਜੀਅ ਪ੍ਰਾਨ ਧਨ ਮਾਲ।।੨।।**

-- ਉਠਦਿਆਂ, ਬਹਿੰਦਿਆਂ, ਸੌਂਦਿਆਂ, ਜਾਗਦਿਆਂ, ਤੂੰ ਹੀ ਮੇਰੇ ਪ੍ਰਾਣ, ਜਿੰਦ ਹੈਂ ਅਤੇ ਮੇਰੀ ਧਨ ਦੌਲਤ ਵੀ ਤੂੰ ਹੀ ਹੈਂ।੨।

ਪਾਤਸ਼ਾਹ ਨੇ, ਪੰਨਾ ੧੦੬ ਤੇ ਵੀ, ਇੰਵ ਹੀ ਬਚਨ ਕੀਤੇ ਹਨ ਕਿ ਮਨ, ਤਨ ਅਤੇ ਧਨ ਸਭ ਕੁਝ ਉਸੇ ਗੋਪਾਲ ਦਾ ਹੈ, ਉਹੀ ਮੇਰਾ ਠਾਕੁਰ ਹੈ, ਸੁਆਮੀ ਹੈ, ਇਹ ਜੀਵਨ, ਇਹ ਸਰੀਰ, ਸਭ ਕੁਝ ਮੇਰੇ ਗੁਰੂ ਦੀ ਹੀ ਪੂੰਜੀ ਹਨ, ਮੇਰੇ ਨਹੀਂ। ਸਾਰਾ ਉਸੇ ਦਾ ਹੀ ਜ਼ੋਰ ਹੈ - 'ਮਨੁ ਤਨੁ ਤੇਰਾ ਧਨੁ ਭੀ ਤੇਰਾ।। ਤੂੰ ਠਾਕੁਰੁ ਸੁਆਮੀ ਪ੍ਰਭੁ ਮੇਰਾ।। ਜੀਉ ਪਿੰਡੁ ਸਭੁ ਰਾਸਿ ਤੁਮਾਰੀ ਤੇਰਾ ਜੋਰੁ ਗੋਪਾਲਾ ਜੀਉ।।' 'ਮੈਂ ਇਹੀ ਮੰਨਦੀ ਹਾਂ ਕਿ ਉਹੀ ਗੁਰੂ, ਮੇਰੀ ਆਤਮਾ, ਉਹੀ ਮੇਰੀ ਜਿੰਦ, ਉਹੀ ਮੇਰਾ ਸਾਹਿਬ, ਮਾਲਕ ਹੈ' - 'ਜੀਅ ਪ੍ਰਾਨ ਮੇਰਾ ਧਨੋ ਸਾਹਿਬ ਕੀ ਮਨੀਆ।।', ਪੰਨਾ ੪੦੦. ਪਾਤਸ਼ਾਹ ਨੇ ਉਸ ਨੂੰ ਆਪਣੇ ਪ੍ਰਾਣਾਂ ਦਾ ਅਧਾਰ ਦਸਿਆ ਹੈ ਅਤੇ ਆਪਣਾ ਦਸਿਆ ਹੈ ਕਿ ਉਨ੍ਹਾਂ ਦਾ ਮਨ ਉਠਦਿਆਂ, ਬਹਿੰਦਿਆਂ, ਸੌਂਦਿਆਂ, ਜਾਗਦਿਆਂ ਤੇਰਾ ਹੀ ਸਿਮਰਣ ਕਰਦਾ ਹੈ - 'ਪ੍ਰਭ ਜੀ ਤੂ ਮੇਰੇ ਪ੍ਰਾਨ ਅਧਾਰੈ।।...ਊਠਤ ਬੈਠਤ ਸੋਵਤ ਜਾਗਤ ਇਹੁ ਮਨੁ ਤੁਝਹਿ ਚਿਤਾਰੈ।।'

**ਦਰਸਨ ਪਿਆਸ ਬਹੁਤੁ ਮਨਿ ਮੇਰੈ ਨਾਨਕ ਦਰਸ ਨਿਹਾਲ।।੩।।੮।।**

-- ਮੇਰੇ ਮਨ ਵਿਚ ਤੇਰੇ ਦਰਸ਼ਨਾਂ ਦੀ ਪਿਆਸ ਲਗੀ ਹੋਈ ਹੈ, ਕਿਰਪਾ ਕਰ ਤੇ ਮੈਨੂੰ ਆਪਣੇ ਦਰਸ਼ਣ ਦੇ ਕੇ ਨਿਹਾਲ ਕਰ ਦੇ।੩।੮।

ਪਾਤਸ਼ਾਹ ਦੇ, ਪੰਨਾ ੩੯੮ ਤੇ, ਵਾਕ ਹਨ ਕਿ ਮੈਂਨੂੰ ਤੇਰੇ ਦਰਸ਼ਨਾਂ ਦੀ ਪਿਆਸ ਹੈ, ਕਿਰਪਾ ਕਰ ਅਤੇ ਮੇਰੀ ਲੋਚਾ ਪੂਰੀ ਕਰ ਦੇ - 'ਨਾਨਕ ਦਰਸ ਪਿਆਸ ਲੋਚਾ ਪੂਰੀਐ।।'

ਸ੍ਰੀ ਗੁਰੂ ਅਮਰਦਾਸ ਸਾਹਿਬ ਨੇ ਵੀ, ਪੰਨਾ ੧੨੪੮ ਤੇ, ਭਗਤ ਵਲੋਂ ਗੁਰੂ ਅਗੇ ਕੀਤੀ ਅਰਜ਼ੋਈ ਦਸੀ ਹੈ ਕਿ ਗੁਰੂ, ਮੰਗਤੇ ਦੀ ਝੋਲੀ ਵਿਚ ਦਰਸ਼ਨਾਂ ਦੀ ਖੈਰ ਪਾ ਕੇ, ਤ੍ਰਿਪਤ ਕਰ ਦਏ - 'ਮੰਗਤ ਜਨੁ ਜਾਚੈ ਦਾਨੁ ਹਰਿ ਦੇਹੁ ਸੁਭਾਇ।। ਹਰਿ ਦਰਸਨ ਕੀ ਪਿਆਸ ਹੈ  ਦਰਸਨਿ ਤ੍ਰਿਪਤਾਇ।।'

ਸ੍ਰੀ ਗੁਰੂ ਅਰਜਨ ਦੇਵ ਪਾਤਸ਼ਾਹ, ੪੫੪ ਪੰਨੇ ਤੇ, ਫੁਰਮਾਣ ਕਰਦੇ ਹਨ ਕਿ ਇਹ ਗੁਰ-ਪਰਮੇਸ਼ਰ, ਸ੍ਰਿਸ਼ਟੀ ਰਚਨਾ ਦੇ ਅਰੰਭ ਤੇ ਵੀ ਸੀ, ਮਧ ਸਮੇਂ ਵੀ ਸੀ ਅਤੇ ਅੰਤ ਸਮੇਂ ਵੀ ਹੋਏਗਾ, ਉਹੀ ਮੇਰਾ ਸੁੰਦਰ ਪ੍ਰਭੂ ਹੈ। ਪਤਿਤ ਤੋਂ ਪਾਵਨ ਕਰਣ ਵਾਲੀ, ਉਸ ਸਾਧੂ ਦੀ ਧੂੜ ਵਿਚ, ਸਾਰੇ ਸੁਖ, ਅਨੰਦ ਅਤੇ ਸਹਿਜ ਦੀ ਅਵੱਸਥਾ ਆਦਿ ਸਭ ਹਨ, ਮੈਂਨੂੰ ਉਹ ਹਰੀ, ਨਾਰਾਇਣ ਰੂਪ ਹੋ ਕੇ ਮਿਲ ਗਏ ਹਨ, ਮੇਰੇ ਸਾਰੇ ਮਨੋਰਥ ਪੂਰੇ ਹੋ ਗਏ ਹਨ - 'ਆਦਿ ਮਧਿ ਅੰਤਿ ਪ੍ਰਭੁ ਸੋਈ ਸੁੰਦਰ ਗੁਰ ਗੋਪਾਲਾ।। ਸੂਖ ਸਹਜ ਆਨੰਦ ਘਨੇਰੇ  ਪਤਿਤ ਪਾਵਨ ਸਾਧੂ ਧੂਰਾ।। ਹਰਿ ਮਿਲੇ ਨਰਾਇਣੁ ਨਾਨਕਾ  ਮਾਨੋਰਥੋੁ ਪੂਰਾ।।'

ਪਾਤਸ਼ਾਹ, ਪੰਨਾ ੩੭੫ ਤੇ ਫੁਰਮਾਣ ਕਰਦੇ ਹਨ ਕਿ ਗੁਰੂ ਤੋਂ ਵਿਛੜੀ ਹੋਈ ਜੀਵ ਇਸਤਰੀ ਦੀ ਪੁਕਾਰ ਹੈ ਕਿ ਇਕ ਘੜੀ ਜਿੰਨਾ ਵਿਛੋੜਾ ਵੀ ਮੈਂਨੂੰ ਕਈ ਦਿਨਾਂ ਦਾ ਜਾਪਦਾ ਹੈ, ਮੇਰਾ ਮਨ ਨਹੀਂ ਸਬਰ ਕਰਦਾ। ਹੇ ਮੇਰੇ ਪਿਆਰੇ ! ਤੈਨੂੰ ਕਿਵੇਂ ਮਿਲਾਂ। ਜਦੋਂ ਤੇਰਾ ਦਰਸ਼ਨ ਪ੍ਰਾਪਤ ਹੋ ਗਿਆ ਤਾਂ ਆਪਣੇ ਆਪ ਨੂੰ ਅਨੁਭਵ ਕਰ ਕੇ ਪਰਮ ਸੁਖ ਪ੍ਰਾਪਤ ਹੋ ਗਿਆ - 'ਇਕ ਘੜੀ ਦਿਨਸੁ ਮੋ ਕਉ ਬਹੁਤੁ ਦਿਹਾਰੇ।। ਮਨੁ ਨ ਰਹੈ ਕੈਸੇ ਮਿਲਉ ਪਿਆਰੇ।।...ਜਨ ਨਾਨਕ ਕਉ ਹਰਿ ਦਰਸੁ ਦਿਖਾਇਆ।। ਆਤਮੁ ਚੀਨਿ੍ ਪਰਮ ਸੁਖੁ ਪਾਇਆ।।'



15.10.2020